The true picture of your local community
NZ ਤਸਵੀਰ NEWS
ਆਨਲਾਈਨ ਈ-ਪੇਪਰ
ਵਿਚ ਇਸ਼ਤਿਹਾਰ
ਦੇਣ ਲਈ
ਸੰਪਰਕ ਕਰੋ
09 390 4644

The true picture of your local community

NZ ਤਸਵੀਰ NEWS

www.nztasveernews.co.nz || ਪੰਜਾਬੀ ਅਖ਼ਬਾਰ || NZ Tasveer News




26 November 2018 Daily, editornztasveer@gmail.com designnztasveer@gmail.com Ph/Fax: 09 390 4644 FREE

# ਨਿਊਜ਼ੀਲੈਂਡ ਦੇ 25 ਸਾਲਾ ਇਤਿਹਾਸ ‘ਚ ਪਹਿਲੀ ਵਾਰ ਚਾਰ ਜੁੜਵਾਂ ਬੱਚਿਆਂ ਦਾ ਜਨਮ

ਆਕਲੈਂਡ (ਐੱਨ ਜੈੱਡ ਤਸਵੀਰ ਬਿਊਰੋ) ਨਿਊਜੀਲੈਂਡ ‘ਚ ਇੱਕ ਔਰਤ ਨੇ 4 ਜੁੜਵਾਂ ਬੱਚਿਆਂ ਨੂੰ ਜਨਮ ਦਿੱਤਾ ਹੈ। ਨਿਊਜ਼ੀਲੈਂਡ ਦੇ 25 ਸਾਲ ਦੇ ਇਤਿਹਾਸ ‘ਚ ਪਹਿਲੀ ਵਾਰ ਇੱਥੇ ਕਿਸੇ ਮਾਂ ਨੇ ਚਾਰ ਬੱਚਿਆਂ ਨੂੰ ਜਨਮ ਦਿੱਤਾ ਹੈ। ਕੈਂਟਰਬਰੀ ਰਿਜਨ ਦੇ ਟਿਮਾਰੂ ਨਾਲ ਸਬੰਧਤ ਕੇਨਡਾਲ ਅਤੇ ਜੋਸ਼ੂਆ ਮੈਕਡੋਨਲਡ ਨਾਂ ਦੇ ਇਸ ਜੋੜੇ ਦਾ ਵੱਡਾ ਬੱਚਾ ਇਸ ਵੇਲੇ ਤਿੰਨ ਸਾਲ ਦਾ ਹੈ। ਫੋਟੋਗਰਾਫਰ ਕੈਸੈਂਡਰਾ ਇੰਗਲਿਸ਼ ਨੂੰ ਉਨ੍ਹਾਂ ਦੀ ਪਹਿਲੀ ਫੋਟੋ ਦੇਸ਼ ਦੇ ਲੋਕਾਂ



ਨਾਲ ਸਾਂਝੀ ਕਰਨ ਦਾ ਮੌਕਾ ਦਿੱਤਾ ਗਿਆ ਹੈ। ਇਸ ਤੋਂ ਪਹਿਲਾਂ ਸਾਲ 1993 ਵਿੱਚ ਅਜਿਹਾ ਮੌਕਾ ਆਇਆ ਸੀ,ਜਦੋਂ ਚਾਰ ਬੱਚੇ ਪੈਦਾ ਹੋਏ ਸਨ। ਸਟੱਫ ਦੀ ਇਕ ਰਿਪੋਰਟ ਅਨੁਸਾਰ ਇਨ੍ਹਾਂ ਬੱਚਿਆਂ ਦਾ ਜਨਮ 28ਵੇਂ ਹਫ਼ਤੇ ਦੌਰਾਨ 15 ਅਗਸਤ ਨੂੰ ਕ੍ਰਾਈਸਟਚਰਚ ਵੋਮੈਨਜ਼ ਹੌਸਪੀਟਲ ‘ਚ ਹੋਇਆ ਸੀ। ਇਨ੍ਹਾਂ ਚਾਰ ਬੱਚੇ ਜੰਮੇ ਸਨ। ਬੱਚਿਆਂ ਦਾ ਨਾਂ ਕਵਿਨ, ਇੰਡੀ,ਹੁਡਸਨ ਅਤੇ ਮੌਲੀ ਰੱਖਿਆ ਗਿਆ ਹੈ, ਜਦੋਂ ਉਨ੍ਹਾਂ ਦੇ ਤਿੰਨ ਸਾਲ ਵੱਡੇ ਭਰਾ ਦਾ ਨਾਂ ਬਰੁੱਕ ਲਿਨ ਹੈ।

# ਪਲਾਸਟਿਕ ਬੈਗਾਂ ਨੂੰ ਲੈ ਕੇ ਨਿਊਜ਼ੀਲੈਂਡ ਸਰਕਾਰ ਚੁੱਕਣ ਜਾ ਰਹੀ ਹੈ ਇਹ ਕਦਮ




ਆਕਲੈਂਡ (ਐੱਨ ਜੈੱਡ ਤਸਵੀਰ ਬਿਊਰੋ) ਨਿਊਜ਼ੀਲੈਂਡ ਵਿੱਚ ਆਉਂਦੀ ਜੁਲਾਈ ਤੱਕ ਪਲਾਸਟਿਕ ਬੈਗਾਂ ‘ਤੇ ਪੂਰੀ ਤਰਾਂ ਰੋਕ ਲੱਗ ਜਾਏਗੀ। ਇਨਵਾਇਰਮੈਂਟ ਮਨਿਸਟਰ ਇਊਜੀਨੀ ਸੇਜ ਨੇ ਵਧੇਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪਲਾਸਟਿਕ ਦੇ ਲਿਫਾਫੇ ਬੰਦ ਕਰਨ ਦੀ ਪੱਕੀ ਤਰੀਕ ਜਨਵਰੀ ਵਿੱਚ ਕੈਬੀਨੇਟ ਨਾਲ ਹੋਣ ਵਾਲੀ ਮੀਟਿੰਗ ਤੋਂ ਬਾਅਦ ਜਾਰੀ ਕਰ ਦਿੱਤੀ ਜਾਵੇਗੀ। ਜਿਕਰਯੋਗ ਹੈ ਕਿ 92% ਲੋਕ ਇਸ ਮੁਹਿਮ ਵਿੱਚ ਨਾਲ ਹਨ ? ਸੇਜ ਨੇ ਦੱਸਿਆ ਕਿ 50% ਲੋਕਾਂ ਵਲੋਂ ਪਹਿਲਾਂ ਹੀ ਖ੍ਰੀਦਦਾਰੀ ਕਰਨ ਲਈ ਦੂਜੇ ਬੈਗਾਂ ਦੀ ਵਰਤੋ ਕੀਤੀ ਜਾਂਦੀ ਹੈ ? ਰੀਸਰਚ ਵਿੱਚ ਪਤਾ ਲੱਗਾ ਹੈ ਕਿ ਰੀਯੁਜ਼ੇਬਲ ਬੈਗ ਪਲਾਸਟਿਕ ਬੈਗਾਂ ਨਾਲੋਂ ਜਿਆਦਾ ਵਾਰ ਵਰਤੋ ਵਿੱਚ ਲਿਆਂਦੇ ਜਾ ਸਕਦੇ ਹਨ ॥

# ਨੈੱਟਵਰਕਿੰਗ ‘ਚ ਪਿੱਛੇ ਰਹਿੰਦੀਆਂ ਹਨ ਔਰਤਾਂ : ਰਿਸਰਚ

ਆਕਲੈਂਡ (ਐੱਨ ਜੈੱਡ ਤਸਵੀਰ ਬਿਊਰੋ) ‘ਹਿਊਮਨ ਰਿਲੇਸ਼ਨਜ਼’ ਮੈਗਜ਼ੀਨ ‘ਚ ਛਪੀ ਇਸ ਸੋਧ ‘ਚ ਕਿਹਾ ਗਿਆ ਹੈ ਕਿ ਇਸ ਲਈ ਔਰਤਾਂ ਵੱਲੋਂ ਖੁਦ ‘ਤੇ ਥੋਪੀਆਂ ਗਈਆਂ ਕਈ ਪਾਬੰਦੀਆਂ ਜ਼ਿਆਦਾ ਜ਼ਿੰਮੇਵਾਰ ਹਨ, ਜਿਨ੍ਹਾਂ ‘ਚ ਝਿਜਕ ਤੇ ਸੁਭਾਵਿਕ ਨਿਮਰਤਾ ਆਦਿ ਸ਼ਾਮਲ ਹਨ, ਜੋ ਔਰਤਾਂ ਨੂੰ ਮਰਦਾਂ ਦੀ ਤਰ੍ਹਾਂ ਪ੍ਰਭਾਵੀ ਰੂਪ ਨਾਲ ਨੈੱਟਵਰਕਿੰਗ ਬਣਾਉਣ ‘ਚ ਦਿੱਕਤਾਂ ਪੈਦਾ ਕਰਦੀਆਂ ਹਨ। ਜਰਮਨੀ ‘ਚ ਈ. ਬੀ. ਐੱਸ. ਬਿਜ਼ਨੈੱਸ ਸਕੂਲ ਦੇ ਸੋਧਕਰਤਾਵਾਂ ਵੱਲੋਂ ਕੀਤੀ ਗਈ ਇਹ ਸੋਧ ਵੱਖ-ਵੱਖ ਜਰਮਨ ਸੰਸਥਾਵਾਂ ਦੀ 37 ਹਾਈ-ਪ੍ਰੋਫਾਈਲ ਔਰਤਾਂ ਹਸਤੀਆਂ ਵਲੋਂ ਲਏ ਗਏ ਇੰਟਰਵਿਊ ਦੇ ਆਧਾਰ ‘ਤੇ ਤਿਆਰ ਕੀਤਾ ਗਿਆ ਹੈ। ਸੋਧ ‘ਚ ਪਾਇਆ ਗਿਆ ਹੈ ਕਿ ਸਮਾਜਿਕ ਸੰਪਰਕਾਂ ਨਾਲ ਹਿੱਤ ਸਾਧਨ ਬਾਰੇ ਨੈਤਿਕ ਚਿੰਤਾਵਾਂ ਨੂੰ ਢੋਂਹਦੇ ਰਹਿਣ ਦੀ ਔਰਤਾਂ ਦੇ ਸੁਭਾਅ ਨਾਲ ਹੀ ਉਨ੍ਹਾਂ ਨੂੰ ਨੈੱਟਵਰਕਿੰਗ ਗਤੀਵਿਧੀਆਂ ਦਾ ਲਾਭ ਨਹੀਂ ਮਿਲ ਪਾਉਂਦਾ।



# ਨਿਊਜ਼ੀਲੈਂਡ : ਦੋ ਸਾਲਾਂ ਬਾਅਦ ਨੇੜੇ ਆ ਰਹੇ ਨੇ ਦੋ ਟਾਪੂ



ਵਲਿੰਗਟਨ— ਵਿਗਿਆਨੀਆਂ ਮੁਤਾਬਕ ਨਿਊਜ਼ੀਲੈਂਡ ‘ਚ ਦੋ ਸਾਲ ਪਹਿਲਾਂ ਆਏ ਭਿਆਨਕ ਭੂਚਾਲ ਮਗਰੋਂ ਦੋ ਮੁੱਖ ਟਾਪੂ ਇਕ-ਦੂਜੇ ਦੇ ਨੇੜੇ ਆ ਰਹੇ ਹਨ। ਇਨ੍ਹਾਂ ‘ਚੋਂ ਇਕ ਦਾ ਸ਼ਹਿਰ ਡੁੱਬ ਰਿਹਾ ਹੈ। ਉੱਤਰੀ ਅਤੇ ਦੱਖਣੀ ਟਾਪੂਆਂ ਵਿਚਕਾਰ ਦੀ ਦੂਰੀ ਸਿਰਫ 35 ਸੈਂਟੀਮੀਟਰ ਦੀ ਰਹਿ ਗਈ ਹੈ ਜਦਕਿ ਦੱਖਣੀ ਟਾਪੂ ਦਾ ਸ਼ਹਿਰ ਨੈਲਸਨ 20 ਮਿਲੀਲੀਟਰ ਹੇਠਾਂ ਧੱਸ ਗਿਆ ਹੈ। ਦੇਸ਼ ‘ਚ 14 ਨਵੰਬਰ 2016 ਨੂੰ 7.8 ਤੀਬਰਤਾ ਦਾ ਭੂਚਾਲ ਆਇਆ ਸੀ ਜਿਸ ਦੇ ਬਾਅਦ ਦੋਵੇਂ ਟਾਪੂ ਕਈ ਮੀਟਰ ਅੱਗੇ ਵੱਲ ਆ ਗਏ ਅਤੇ ਇਸ ਤਰ੍ਹਾਂ ਇਨ੍ਹਾਂ ਦੀ ਦੂਰੀ ਘੱਟ ਰਹੀ ਹੈ।

# ਨਿਊਜੀਲੈਂਡ ‘ਚ ਲੱਗੇ ਭੁਚਾਲ ਦੇ ਝਟਕੇ




ਆਕਲੈਂਡ (ਐੱਨ ਜੈੱਡ ਤਸਵੀਰ ਬਿਊਰੋ) ਨਿਊਜੀਲੈਂਡ ‘ਚ ਰਿਵਰਟੋਨ ਤੋਂ 261 ਕਿਲੋਮੀਟਰ ਦੱਖਣ-ਪੱਛਮ ‘ਚ 5.8 ਤੀਬਰਤਾ ਦੇ ਭੂਚਾਲ ਦੇ ਝਟਕੇ ਮਹਿਸੂਸ ਕੀਤੇ। ਅਮਰੀਕਾ ਦੇ ਭੂ-ਭਾਗ ਸਰਵੇਖਣ ਕੇਂਦਰ ਨੇ ਦੱਸਿਆ ਕਿ ਇਸ ਦਾ ਕੇਂਦਰ ਧਰਤੀ ਅੰਦਰ 10 ਕਿਲੋ ਮੀਟਰ ਦੀ ਡੂੰਘਾਈ ‘ਚ ਸੀ। ਫਿਲਹਾਲ ਕਿਸੇ ਵੀ ਨੁਕਸਾਨ ਬਾਰੇ ਕੋਈ ਖਬਰ ਨਹੀਂ ਆਈ।

# ਨਿਊਜੀਲੈਂਡ ਦੇ ਪਾਰਲੀਮੈਂਟ ‘ਚ ਸ਼੍ਰੀ ਗੁਰੂ ਨਾਨਕ ਜੀ ਦੇ ਪ੍ਰਗਟ ਦਿਵਸ ਸਬੰਧੀ ਵਿਸ਼ੇਸ਼ ਸਮਾਗਮ 30 ਨੂੰ

ਆਕਲੈਂਡ (ਐੱਨ ਜੈੱਡ ਤਸਵੀਰ ਬਿਊਰੋ) ਸਿੱਖਾਂ ਦੇ ਪਹਿਲੇ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਦਿਵਸ ਪੂਰੀ ਦੁਨੀਆਂ ਵਿੱਚ ਬੜੀ ਸ਼ਰਧਾ, ਭਾਵਨਾ ਅਤੇ ਧੂਮ-ਧਾਮ ਨਾਲ ਮਨਾਇਆ ਜਾ ਰਿਹਾ ਹੈ। ਨਿਊਜੀਲੈਂਡ ਦੇ ਪਾਰਲੀਮੈਂਟ “ਚ ਇਸ ਵਾਰ ਇਸ ਸਬੰਧੀ ਵਿਸ਼ੇਸ਼ ਸਮਾਗਮ 30 ਨਵੰਬਰ ਨੂੰ ਵਲਿੰਗਟਨ ਸਥਿਤ ਸੰਸਦ ਭਵਨ ਦੇ ਸਾਹਮਣੇ ਸਵੇਰੇ 10:30 ਵਜੇ ਤੋਂ ਦੁਪਹਿਰ 12 ਵਜੇ ਤੱਕ ਕੀਤਾ ਜਾ ਰਿਹਾ ਹੈ। ਨਿਊਜੀਲੈਂਡ ਵਸਦੇ ਭਾਰਤੀ ਭਾਈਚਾਰੇ ਦੇ ਲੋਕਾਂ ਅਤੇ ਪੂਰੀ ਦੁਨੀਆਂ ‘ਚ ਵਸਦੇ ਸਿੱਖਾਂ ਲਈ ਇਹ ਇੱਕ ਵੱਡੀ ਉਪਲਬਧੀ ਕਹੀ ਜਾ ਸਕਦੀ ਹੈ। ਇਸ ਬਾਰੇ ਵਧੇਰੇ ਜਾਕਣਾਰੀ ਦਿੰਦਿਆਂ ਪ੍ਰਬੰਧਕਾ ਨੇ ਦੱਸਿਆ ਕਿ ਸਿੱਖ ਧਰਮ ਅਤੇ ਸਿੱਖ ਫਲਸਫੇ ਬਾਰੇ ਹੋਰ ਭਾਈਚਾਰਿਆਂ ਦੇ ਲੋਕਾਂ ਤੱਕ ਜਾਣਕਾਰੀ ਪਹੁੰਚਾਣ ਲਈ ਇਸ ਮੌਕੇ ਕਿਤਾਬਚੇ ਵੰਡੇ ਜਾਣਗੇ।ਇਸ ਮੌਕੇ ਗੁਰਬਾਣੀ ਦਾ ਕੀਰਤਨ ਵੀ ਕੀਤਾ ਜਾਵੇਗਾ। ਇਸ ਵਿਸੇਸ਼ ਉਪਰਾਲੇ ਲਈ ਨਿਊਜੀਲੈਂਡ ਵਸਦੀ ਸਿੱਖ ਸੰਗਤ ਵਧਾਈ ਦੀ ਪਾਤਰ ਹੈ ਜਿਨ੍ਹਾਂ ਨੇ ਪਾਰਲੀਮੈਂਟ ਅਥਾਰਟੀ ਤੋਂ ਇਜਾਜਤ ਲੈ ਕੇ ਗੁਰਪੁਰਬ ਦੀ ਮਹਾਨਤਾ ਦਰਸਾਉਣ ਲਈ ਇਹ ਸ਼ਲਾਘਾਯੋਗ ਕਾਰਜ ਕੀਤਾ ਹੈ। ਪ੍ਰਬੰਧਕਾਂ ਨੇ ਦੱਸਿਆ ਕਿ ਅਗਲੇ ਸਾਲ ਗੁਰੂ ਜੀ 550ਵੇਂ ਜਨਮ ਦਿਵਸ ਮੌਕੇ ਅਥਾਰਟੀ ਤੋਂ ਇਜਾਜਤ ਲੈ ਕੇ ਗੁਰੂ ਗਰੰਥ ਸਾਹਿਬ ਦੇ ਸਰੂਪ ਵੀ ਪਾਰਲੀਮੈਂਟ ‘ਪ੍ਰਕਾਸ਼ ਕੀਤੇ ਜਾਣਗੇ। ਜਦ ਕਿ ਇਸ ਵਾਰ ਸਿਰਫ ਸਿਰਫ ਸੰਗਤਾਂ ਹੀ ਪਾਰਲੀਮੈਂਟ ਦੇ ਸਾਹਮਣੇ ਇਸ ਵਿਸ਼ੇਸ਼ ਸਮਾਗਮ ‘ਚ ਗੁਰਬਾਣੀ ਗਾਇਨ ਕਰਨਗੀਆਂ। ਜਿਕਰਯੋਗ ਹੈ ਕਿ ਜੇ ਉਸ ਦਿਨ ਮੌਸਮ ਖਰਾਬ ਹੁੰਦਾ ਹੈ ਤਾਂ ਇਸ ਸਮਾਗਮ ਲਈ ਬਦਲਵਾਂ ਪ੍ਰਬੰਧ ਵੀ ਪ੍ਰਬੰਧਕਾਂ ਵੱਲੋਂ ਕੀਤਾ ਗਿਆ ਹੈ। ਇਸ ਮੌਕੇ ਸੰਗਤਾਂ ਲਈ ਪੈਕ ਕੀਤਾ ਗੁਰੂ ਕਾ ਲੰਗਰ ਅਤੇ ਪੇਯਜਲ ਵੀ ਵਰਤਾਇਆ ਜਾਵੇਗਾ। ਪ੍ਰਬੰਧਕਾਂ ਵੱਲੋਂ ਸੰਗਤਾਂ ਨੂੰ ਇਸ ਸਮਾਗਮ ਵਿੱਚ ਸ਼ਾਮਿਲ ਹੋਣ ਲਈ ਬੇਨਤੀ ਕੀਤੀ ਗਈ ਹੈ।

# 47 ਸਾਲਾ ਨਿਊਜੀਲੈਂਡ ਵਾਸੀ ਔਰਤ ਆਪਣੀ ਲੜਕੀ ਦੇ ਦੋਸਤ ਨਾਲ ਹੋਈ ਇਕ ਮਿੱਕ

ਆਕਲੈਂਡ (ਐੱਨ ਜੈੱਡ ਤਸਵੀਰ ਬਿਊਰੋ) ਯੂਕੇ ਦੇ ਰਿਐਲਟੀ ਸ਼ੋਅ ਵਿੱਚ ਨਿਊਜੀਲੈਂਡ ਦੀ 47 ਸਾਲਾ ਕਲੈਰੀ ਅਤੇ ਇੰਗਲੈਂਡ ਦੇ 25 ਸਾਲਾ ਡੇਨੋਇਨ ਐਜ ਗੈਪ ਲਵ ਪ੍ਰੋਗਰਾਮ ਵਿੱਚ ਆਉਣ ਤੋਂ ਬਾਅਦ ਕਾਫੀ ਸੁਰਖੀਆਂ ਵਿੱਚ ਹਨ। ਦਰਅਸਲ ਡੇਨੋਇਨ, ਕਲੈਰੀ ਦੀ ਧੀ ਦਾ ਇੱਕ ਚੰਗਾ ਮਿੱਤਰ ਸੀ ਪਰ ਸਮੇਂ ਦੇ ਨਾਲ ਦੋਨੋਂ ਇੱਕ ਦੂਜੇ ਨੂੰ ਪਸੰਦ ਕਰਨ ਲੱਗੇ ਅਤੇ ਹੁਣ ਕਲੈਰੀ ਦੀ ਧੀ ਦਾ ਵੀ ਇਸ ਸੰਬੰਧਿਤ ਕਹਿਣਾ ਹੈ ਕਿ ਉਸ ਨੂੰ ਇਸ ‘ਤੇ ਕੋਈ ਸਮੱਸਿਆ ਨਹੀਂ ਹੈ। ਬਲਕਿ ਉਹ ਖੁਸ਼ ਹੈ ਕਿ ਉਸ ਦੀ ਮਾਂ ਨੂੰ ਡੇਨੋਇਨ ਵਰਗਾ ਚੰਗਾ ਸਾਥੀ ਮਿਲਿਆ। ਦੱਸਣਯੋਗ ਹੈ ਕਿ ਦੋਨੋਂ ਹੁਣ ਮਾਸਟਰਟਨ ਵਿੱਚ ਰਹਿ ਰਹੇ ਹਨ।



# ਨਿਊਜੀਲੈਂਡ ਦੇ ਵੱਖ-ਵੱਖ ਗੁਰੂ ਘਰਾਂ ‘ਚ ਸ਼੍ਰੀ ਗੁਰੂ ਨਾਨਕ ਜੀ ਦੇ ਪ੍ਰਗਟ ਦਿਵਸ ਸਬੰਧੀ ਵਿਸ਼ੇਸ਼ ਸਮਾਗਮ

ਆਕਲੈਂਡ (ਐੱਨ ਜੈੱਡ ਤਸਵੀਰ ਬਿਊਰੋ) ਸਿੱਖਾਂ ਦੇ ਪਹਿਲੇ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਦਿਵਸ ਪੂਰੀ ਦੁਨੀਆਂ ਵਿੱਚ ਬੜੀ ਸ਼ਰਧਾ, ਭਾਵਨਾ ਅਤੇ ਧੂਮ-ਧਾਮ ਨਾਲ ਮਨਾਇਆ ਜਾ ਰਿਹਾ ਹੈ। ਨਿਊਜੀਲੈਂਡ ਦੇ ਵੱਖ-ਵੱਖ ਗੁਰੂ ਘਰਾਂ ਵਿੱਚ ਵੀ ਇਸ ਸਬੰਧ ਵਿੱਚ ਵਿਸ਼ੇਸ਼ ਸਮਾਗਮਾਂ ਦਾ ਆਯੋਜਨ ਕੀਤਾ ਗਿਆ ਹੈ। ਪੰਜਾਬੀ ਦੀ ਸੰਘਣੀ ਵਸੋਂ ਵਾਲੇ ਨਗਰ ਪਾਪਾਟੋਏਟੋਏ ਵਿਖੇ ਗੁਰਦੁਆਰਾ ਸ਼੍ਰੀ ਦਸ਼ਮੇਸ਼ ਦਰਬਾਰ ਵਿਖੇ ਇਸ ਸਬੰਧ ਦੇ ਵਿੱਚ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ ਅਤੇ ਉਪਰੰਤ ਧਾਰਮਿਕ ਦੀਵਾਨ ਸਜਾਏ ਗਏ। ਜਿਸ ਵਿੱਚ ਭਾਈ ਸੁਖਵਿੰਦਰ ਸਿੰਘ ਜਲੰਧਰ ਵਾਲੇ, ਭਾਈ ਭੁਪਿੰਦਰ ਸਿੰਘ ਗੰਗਾਨਗਰ ਵਾਲੇ, ਅਤੇ ਭਾਈ ਯਾਦਵਿੰਦਰ ਸਿੰਘ ਦੇ ਕੀਰਤਨੀ ਜੱਥੇ ਨੇ ਗੁਰਬਾਣੀ ਕੀਰਤਨ ਨਾਲ ਸੰਗਤਾ ਨੂੰ ਨਿਹਾਲ ਕੀਤਾ। ਇਸੇ ਤਰਾਂ ਗੁਰਦੁਆਰਾ ਨਾਨਕਸਰ ਠਾਠ ਮੈਨੁਰੇਵਾ ਵਿਖੇ ਵੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਦਾਰਮਿਕ ਦੀਵਾਨ ਸਜਾਏ ਗਏ ਅਤੇ ਇਸ ਮੌਕੇ ਭਾਈ ਜੋਗਿੰਦਰ ਸਿੰਘ ਦੇ ਕੀਰਤਨੀ ਜੱਥੇ ਵੱਲੋਂ ਕੀਰਤਨ ਵਿਚਾਰਾਂ ਦੀ ਸੰਗਤਾਂ ਨਾਲ ਸਾਂਝ ਪਾਈ ਗਈ। ਇਸ ਤੋਂ ਬਿਨਾਂ ਹੋਰ ਗੁਰੂ ਘਰ ਜਿਨਾਂ ਵਿੱਚ ਖਾਸਕਰ ਗੁਰਦੁਆਰਾ ਸਿੱਖ ਸੰਗਤ ਟੋਰੰਗਾ, ਨਿਊਜ਼ੀਲੈਂਡ ਸਿੱਖ ਸੁਸਾਇਟੀ ਹੈਮਿਲਟਨ, ਬੇਅ ਆਫ ਪਲੈਂਟੀ ਸਿੱਖ ਸੁਸਾਇਟੀ ਟੀ ਪੁੱਕੀ, ਸਿੱਖ ਟੈਂਪਲ ਗੁਰਦੁਆਰਾ ਮਾਤਾ ਸਾਹਿਬ ਕੌਰ ਜੀ, ਗੁਰਦੁਆਰਾ ਕਲਗੀਧਰ ਸਾਹਿਬ ਟਾਕਾਨੀਨੀ, ਗੁਰਦੁਆਰਾ ਨਾਨਕਸਰ ਠਾਠ ਈਸਰ ਦਰਬਾਰ, ਵਿਖੇ ਗੁਰਪੁਰਬ ਬਹੁਤ ਹੀ ਸ਼ਰਧਾ ਪੂਰਵਕ ਮਨਾਇਆ ਗਿਆ ਹੈ। ਇਨਾਂ ਗੁਰੂ ਘਰਾਂ ਵਿੱਚ ਆਤਿਸ਼ਬਾਜੀ ਦਾ ਨਜਾਰਾ ਵੀ ਵੇਖਣ ਵਾਲਾ ਸੀ। ਅਤੇ ਇਸ ਮੌਕੇ ਸਾਰੇ ਹੀ ਗੁਰੂ ਘਰਾਂ ਵਿੱਚ ਗੁਰੂ ਕੇ ਲੰਗਰ ਅਤੁੱਟ ਵਰਤਦੇ ਰਹੇ।



# ਗਾਂ ਦੇ ਭਵਿੱਖ ਨੂੰ ਲੈ ਕੇ ਸਵਿਟਜ਼ਰਲੈਂਡ ਚ ਹੋਣ ਵਾਲਾ ਹੈ ਇਕ ਅਹਿਮ ਫੈਸਲਾ

ਮਿਲਾਨ – ਸਵਿਟਜ਼ਰਲੈਂਡ ‘ਚ ਗਾਂ ਰਾਸ਼ਟਰੀ ਪ੍ਰਤੀਕ ਵੀ ਹੈ ਪਰ, ਉਥੇ ਦੀਆਂ ਗਾਵਾਂ ਨੂੰ ਇਕ ਦਰਦਭਰੀ ਪ੍ਰਕਿਰਿਆ ‘ਚੋਂ ਲੰਘਣਾ ਪੈਂਦਾ ਹੈ। ਗਾਂ ਦੇ ਭਵਿੱਖ ਨੂੰ ਲੈ ਕੇ ਸਵਿਟਜ਼ਰਲੈਂਡ ‘ਚ ਗਾਵਾਂ ਦੇ ਭਵਿੱਖ ਨੂੰ ਲੈ ਕੇ ਇਕ ਖਾਸ ਫੈਸਲਾ ਹੋਣ ਵਾਲਾ ਹੈ। ਇਹ ਮੁੱਦਾ ਇੰਨਾ ਵੱਡਾ ਹੋ ਗਿਆ ਹੈ ਕਿ ਪੂਰਾ ਦੇਸ਼ ਇਸ ‘ਚ ਰੁੱਝਿਆ ਪਿਆ ਹੈ। ਸਵਿਟਜ਼ਰਲੈਂਡ ‘ਚ ਇਕ ਕਿਸਾਨ ਹੈ ਅਰਮਾਈਨ ਕਪੋਲ, 66 ਸਾਲਾ ਇਹ ਕਿਸਾਨ ਚਾਹੁੰਦਾ ਹੈ ਕਿ ਗਾਂ ਨੂੰ ਵੀ ਸਨਮਾਨ ਨਾਲ ਜੀਊਣ ਦਾ ਹੱਕ ਹੈ। ਉਹ 9 ਸਾਲ ਤੋਂ ਇਹ ਮੁਹਿਮ ਚਲਾ ਰਹੇ ਹਨ ਕਿ ਗਾਵਾਂ ਨੂੰ ਉਨ੍ਹਾਂ ਦੇ ਕੁਦਰਤੀ ਸਿੰਙਾਂ ਨਾਲ ਰਹਿਣ ਦਿੱਤਾ ਜਾਵੇ, ਹੁਣ ਉਨ੍ਹਾਂ ਨੂੰ ਉਮੀਦ ਹੈ ਕਿ ਗਾਵਾਂ ਨੂੰ ਇਹ ਅਧਿਕਾਰ ਮਿਲ ਸਕੇਗਾ। ਉਨ੍ਹਾਂ ਦਾ ਕਹਿਣਾ ਹੈ ਕਿ ਸਿੰਙ ਲਈ ਉਨ੍ਹਾਂ ਦਾ ਮਾਣ ਵੀ ਹੁੰਦੇ ਹਨ, ਜਦੋਂ ਤੁਸੀਂ ਉਨ੍ਹਾਂ ਵੱਲ ਦੇਖਦੇ ਹਨ ਤਾਂ ਸਿਰ ਉੱਪਰ ਉਠਾ ਕੇ ਉਹ ਆਪਣੇ ਮਾਣ ਦਾ ਅਹਿਸਾਸ ਦਿਵਾਉਂਦੀਆਂ ਹਨ ਪਰ ਜਦੋਂ ਤੁਸੀਂ ਉਨ੍ਹਾਂ ਦੇ ਸਿੰਙਾਂ ਨੂੰ ਕੱਢ ਦਿੰਦੇ ਹੋ ਤਾਂ ਉਹ ਉਦਾਸ ਹੋ ਜਾਂਦੀਆਂ ਹਨ।

## Metrimonial

Tonk Kashatriya, Sikh, 1985, 5'6", Qualification Mechatronics Engineering from NZ, Working in Mechanical Company in NZ, Siblings well settled in Australia and New Zealand. Required decent and educated Girl, Caste No Bar. Mb no. +64 21 136 7503